ਤੱਥਸ਼ੀਟ

**ਵਰਕਰਜ਼ ਅਡਵਾਈਜ਼ਰਜ਼ ਆਫਿਸ (ਡਬਲਯੂ ਏ ਓ)**

*ਇਹ ਤੱਥਸ਼ੀਟ ਆਮ ਜਾਣਕਾਰੀ ਦੇਣ ਦੇ ਮੰਤਵਾਂ ਲਈ ਤਿਆਰ ਕੀਤੀ ਗਈ ਹੈ। ਇਹ ਕੋਈ ਕਾਨੂੰਨੀ ਡਾਕੂਮੈਂਟ ਨਹੀਂ ਹੈ। ਕਾਨੂੰਨ ਦੇ ਅਰਥਾਂ ਅਤੇ ਵਰਤੋਂ ਦੇ ਮੰਤਵਾਂ ਲਈ ਕਿਰਪਾ ਕਰਕੇ ਵਰਕਰਜ਼ ਕੰਪਨਸੇਸ਼ਨ ਐਕਟ ਅਤੇ ਰੀਹੈਬਲੀਟੇਸ਼ਨ ਸਰਵਿਸਿਜ਼ ਐਂਡ ਕਲੇਮਜ਼ ਮੈਨੂਅਲ, ਵੌਲੀਊਮਜ਼ I ਅਤੇ II ਦੇਖੋ।*

ਸੋਧਿਆ: ਅਪਰੈਲ 2016

# ਸਮਾਂ ਵਧਾਉਣ ਲਈ ਅਰਜ਼ੀਆਂ

**ਜੇ ਮੇਰਾ ਰਿਵੀਊ ਜਾਂ ਅਪੀਲ ਲੇਟ ਦਰਜ ਕਰਵਾਏ ਜਾਣ ਤਾਂ ਕੀ ਹੁੰਦਾ ਹੈ?**

ਜੇ ਰਿਵੀਊ ਡਿਵੀਜ਼ਨ ਨੂੰ ਤੁਹਾਡਾ ਰਿਵੀਊ ਲਈ ਬੇਨਤੀ ਫਾਰਮ 90 ਦਿਨਾਂ ਦੀ ਅੰਤਿਮ ਤਾਰੀਕ ਦੇ ਵਿਚ ਵਿਚ ਨਾ ਮਿਲੇ, ਤਾਂ ਤੁਹਾਡਾ ਰਿਵੀਊ ਓਨਾ ਚਿਰ ਸ਼ੁਰੂ ਨਹੀਂ ਹੋਵੇਗਾ ਜਿੰਨਾ ਚਿਰ ਤੁਸੀਂ ਕਾਮਯਾਬੀ ਨਾਲ ਸਮੇਂ ਦੇ ਵਾਧੇ ਲਈ ਅਪਲਾਈ ਨਹੀਂ ਕਰ ਦਿੰਦੇ। ਕਿਰਪਾ ਕਰਕੇ ਇਹ ਗੱਲ ਨੋਟ ਕਰੋ ਕਿ ਅੰਤਿਮ ਤਾਰੀਕ ਵਰਕਸੇਫ ਬੀ ਸੀ ਦੇ ਫੈਸਲੇ ਦੀ ਤਾਰੀਕ ਤੋਂ ਅੱਠ ਦਿਨਾਂ ਬਾਅਦ ਸ਼ੁਰੂ ਹੁੰਦੀ ਹੈ, ਜਿਸ ਨਾਲ ਤੁਹਾਨੂੰ ਕੁੱਲ 98 ਦਿਨ ਮਿਲ ਜਾਂਦੇ ਹਨ।

ਇਸੇ ਤਰ੍ਹਾਂ ਜੇ ਵਰਕਰਜ਼ ਕੰਪਨਸੇਸ਼ਨ ਅਪੀਲ ਟ੍ਰਿਬਿਊਨਲ (ਡਬਲਯੂ ਸੀ ਏ ਟੀ) ਨੂੰ ਤੁਹਾਡਾ ਅਪੀਲ ਦੇ ਨੋਟਿਸ ਦਾ ਫਾਰਮ ਰਿਵੀਊ ਡਿਵੀਜ਼ਨ ਦੇ ਫੈਸਲੇ ਦੀ ਤਾਰੀਕ ਤੋਂ ਬਾਅਦ 30 ਜਮ੍ਹਾਂ ਅੱਠ ਦਿਨਾਂ, ਭਾਵ 38 ਦਿਨਾਂ ਦੇ ਵਿਚ ਵਿਚ ਨਾ ਮਿਲੇ ਤਾਂ ਤੁਹਾਡੀ ਅਪੀਲ ਓਨਾ ਚਿਰ ਸ਼ੁਰੂ ਨਹੀਂ ਹੋਵੇਗੀ ਜਿੰਨਾ ਚਿਰ ਤੁਸੀਂ ਕਾਮਯਾਬੀ ਨਾਲ ਸਮੇਂ ਦੇ ਵਾਧੇ ਲਈ ਅਪਲਾਈ ਨਹੀਂ ਕਰ ਦਿੰਦੇ।

ਵਰਕਸੇਫ ਬੀ ਸੀ ਦੇ ਕਿਸੇ ਫੈਸਲੇ ਦੀ ਡਬਲਯੂ ਸੀ ਏ ਟੀ ਕੋਲ ਸਿੱਧੀ ਅਪੀਲ ਦੀ ਕਿਸੇ ਵਿਸ਼ੇਸ਼ ਹਾਲਤ ਵਿਚ, 98 ਦਿਨਾਂ ਦੀ ਸਮਾਂ-ਸੀਮਾ ਲਾਗੂ ਹੁੰਦੀ ਹੈ। ਇਹ ਜਾਣਕਾਰੀ ਲੈਣ ਲਈ ਕਿ ਸਿੱਧੀ ਅਪੀਲ ਕਦੋਂ ਹੁੰਦੀ ਹੈ, ਕਿਰਪਾ ਕਰਕੇ ਸਾਡੀ ਤੱਥਸ਼ੀਟ *ਵਰਕਰਜ਼ ਕੰਪਨਸੇਸ਼ਨ ਅਪੀਲ ਟ੍ਰਿਬਿਊਨਲ (ਡਬਲਯੂ ਸੀ ਏ ਟੀ) ਨੂੰ ਅਪੀਲਾਂ* ਦੇਖੋ।

**ਲੇਟ ਰਿਵੀਊ ਜਾਂ ਅਪੀਲ ਸ਼ੁਰੂ ਕਰਵਾਉਣ ਲਈ ਮੈਨੂੰ ਕਿਹੜੇ ਕਦਮ ਚੁੱਕਣ ਦੀ ਲੋੜ ਹੈ?**

ਜੇ ਅੰਤਿਮ ਤਾਰੀਕ ਲੰਘ ਗਈ ਹੋਵੇ ਪਰ ਤੁਸੀਂ ਅਜੇ ਵੀ ਫੈਸਲੇ ਦਾ ਰਿਵੀਊ ਕਰਵਾਉਣਾ ਜਾਂ ਅਪੀਲ ਕਰਨੀ ਚਾਹੁੰਦੇ ਹੋਵੋ ਤਾਂ ਤੁਹਾਨੂੰ **ਫੌਰਨ** ਰਿਵੀਊ ਲਈ ਬੇਨਤੀ ਫਾਰਮ ਜਾਂ ਅਪੀਲ ਦੇ ਨੋਟਿਸ ਦਾ ਫਾਰਮ ਭਰਨਾ ਅਤੇ ਦਰਜ ਕਰਵਾਉਣਾ ਚਾਹੀਦਾ ਹੈ। **ਦੇਰੀ ਜਿੰਨੀ ਜ਼ਿਆਦਾ ਹੋਵੇਗੀ, ਸਮਾਂ ਵਧਾਏ ਜਾਣ ਦੀ ਸੰਭਾਵਨਾ ਓਨੀ ਹੀ ਘੱਟ ਹੋਵੇਗੀ।**

# ਸਮਾਂ ਵਧਾਉਣ ਲਈ ਅਰਜ਼ੀਆਂ

ਇਸ ਦੇ ਨਾਲ ਹੀ, ਤੁਹਾਨੂੰ ਸਮੇਂ ਦੇ ਵਾਧੇ ਲਈ ਇਕ ਲਿਖਤੀ ਅਰਜ਼ੀ ਭਰਨ ਅਤੇ ਦਰਜ ਕਰਵਾਉਣ ਦੀ ਲੋੜ ਪਵੇਗੀ। ਤੁਹਾਨੂੰ ਇਹ ਬੇਨਤੀ ਜਾਂ ਨੋਟਿਸ ਫਾਰਮ ਦੇ ਸਮੇਂ ਹੀ ਕਰਨਾ ਚਾਹੀਦਾ ਹੈ, ਜਾਂ ਇਸ ਤੋਂ ਬਾਅਦ ਜਿੰਨਾ ਵੀ ਛੇਤੀ ਸੰਭਵ ਹੋਵੇ ਕਰਨਾ ਚਾਹੀਦਾ ਹੈ। ਅਜਿਹੀਆਂ ਅਰਜ਼ੀਆਂ ਲਈ ਡਬਲਯੂ ਸੀ ਏ ਟੀ ਕੋਲ ਇਕ ਸਟੈਂਡਰਡ ਫਾਰਮ ਹੈ, ਪਰ ਤੁਸੀਂ ਸਟੈਂਡਰਡ ਫਾਰਮ ਦੇ ਨਾਲ ਨਾਲ ਜਾਂ ਇਸ ਦੀ ਥਾਂ ਚਿੱਠੀ ਲਿਖਣ ਦੀ ਚੋਣ ਵੀ ਕਰ ਸਕਦੇ ਹੋ। ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਤੁਸੀਂ ਡਬਲਯੂ ਸੀ ਏ ਟੀ ਦਾ ਸਮਾਂ ਵਧਾਉਣ ਲਈ ਅਰਜ਼ੀ ਦਾ ਫਾਰਮ ਪੜ੍ਹੋ ਅਤੇ ਮੁਕੰਮਲ ਕਰੋ: http://www.wcat.bc.ca/research/forms/wcat_15a.pdf ਰਿਵੀਊ ਡਿਵੀਜ਼ਨ ਕੋਲ ਕੋਈ ਸਟੈਂਡਰਡ ਫਾਰਮ ਨਹੀਂ ਹੈ।

## ਮੈਨੂੰ ਆਪਣੀ ਸਮਾਂ ਵਧਾਉਣ ਲਈ ਅਰਜ਼ੀ ਵਿਚ ਕੀ ਲਿਖਣਾ ਚਾਹੀਦਾ ਹੈ?

ਤੁਸੀਂ ਰਿਵੀਊ ਡਿਵੀਜ਼ਨ ਜਾਂ ਡਬਲਯੂ ਸੀ ਏ ਟੀ ਨੂੰ ਇਹ ਮਨਾਉਣ ਦੀ ਕੋਸ਼ਿਸ਼ ਕਰ ਰਹੇ ਹੋ ਕਿ ਉਨ੍ਹਾਂ ਨੂੰ ਤੁਹਾਡੇ ਰਿਵੀਊ ਜਾਂ ਅਪੀਲ ਨੂੰ ਆਗਿਆ ਦੇਣ ਲਈ ਆਪਣੇ ਇਖਤਿਆਰ ਦੀ ਵਰਤੋਂ ਕਿਉਂ ਕਰਨੀ ਚਾਹੀਦੀ ਹੈ ਭਾਵੇਂ ਕਿ ਤੁਸੀਂ ਅੰਤਿਮ ਤਾਰੀਕ ਤੋਂ ਖੁੰਝ ਗਏ ਹੋ। ਕਾਨੂੰਨ ਇਹ ਮੰਗ ਕਰਦਾ ਹੈ ਕਿ ਉਨ੍ਹਾਂ ਨੂੰ ਇਹ ਯਕੀਨ ਹੋਣਾ ਚਾਹੀਦਾ ਹੈ ਕਿ:

- ਖਾਸ ਹਾਲਾਤਾਂ ਨੇ ਤੁਹਾਨੂੰ ਸਮੇਂ ਸਿਰ ਦਰਜ ਕਰਵਾਉਣ ਤੋਂ ਰੋਕਿਆ, **ਅਤੇ**
- ਜੇ ਸਮਾਂ ਨਾ ਵਧਾਇਆ ਗਿਆ ਤਾਂ ਬੇਇਨਸਾਫੀ ਹੋਵੇਗੀ?

ਇਸ ਕਰਕੇ, ਤੁਹਾਡੀ ਲਿਖਤੀ ਦਲੀਲ ਨੂੰ ਇਨ੍ਹਾਂ ਦੋਨਾਂ ਪੋਆਇੰਟਾਂ ਬਾਰੇ ਗੱਲ ਕਰਨੀ ਚਾਹੀਦੀ ਹੈ ਅਤੇ ਤੁਹਾਨੂੰ ਕੋਈ ਵੀ ਉਹ ਪੇਪਰ ਨਾਲ ਲਾਉਣੇ ਚਾਹੀਦੇ ਹਨ ਜਿਹੜੇ ਤੁਹਾਡੀ ਅਰਜ਼ੀ ਦੀ ਹਿਮਾਇਤ ਕਰਦੇ ਹੋਣ। ਉਦਾਹਰਣ ਲਈ, ਤੁਸੀਂ ਇਹ ਦਿਖਾਉਣ ਲਈ ਹਸਪਤਾਲ ਦੇ ਰਿਕਾਰਡ ਭੇਜ ਸਕਦੇ ਹੋ ਕਿ ਆਪਣਾ ਰਿਵੀਊ ਜਾਂ ਅਪੀਲ ਦਰਜ ਕਰਵਾਉਣ ਦੇ ਸਮੇਂ ਤੁਸੀਂ ਗੰਭੀਰ ਬੀਮਾਰ ਸੀ ਜਾਂ ਤੁਹਾਡੀ ਕੋਈ ਸਰੀਰਕ ਜਾਂ ਮਾਨਸਿਕ ਹਾਲਤ ਹੈ ਜਿਹੜੀ ਕਿਸੇ ਫੈਸਲੇ ਅਤੇ/ਜਾਂ ਇਸ ਦੇ ਸਿੱਟਿਆਂ ਨੂੰ ਸਮਝਣ ਦੀ ਤੁਹਾਡੀ ਸਮਰੱਥਾ 'ਤੇ ਅਸਰ ਪਾਉਂਦੀ ਹੈ।

## ਖਾਸ ਹਾਲਾਤਾਂ ਵਜੋਂ ਕਿਹੜੀਆਂ ਚੀਜ਼ਾਂ ਗਿਣੀਆਂ ਜਾਂਦੀਆਂ ਹਨ?

ਹਰ ਕੇਸ ਦੇ ਖਾਸ ਹਾਲਾਤ ਵੱਖਰੇ ਵੱਖਰੇ ਹੋਣਗੇ। ਕੁਝ ਆਮ ਪੱਖ ਹਨ:

- ਤੁਹਾਨੂੰ ਅੰਗਰੇਜ਼ੀ ਪੜ੍ਹਨ ਅਤੇ/ਜਾਂ ਸਮਝਣ ਵਿਚ ਮੁਸ਼ਕਲ ਆਉਂਦੀ ਹੈ
- ਤੁਸੀਂ ਕਿਸੇ ਗੰਭੀਰ ਸਰੀਰਕ ਅਤੇ/ਜਾਂ ਮਾਨਸਿਕ ਬੀਮਾਰੀ ਤੋਂ ਪੀੜਤ ਹੋ
- ਵਰਕਸੇਫ ਬੀ ਸੀ ਨਾਲ ਤੁਹਾਡਾ ਪੁਰਾਣਾ ਤਜਰਬਾ ਅਤੇ ਅਪੀਲ ਦੀ ਕਾਰਵਾਈ ਨਾਲ ਤਜਰਬੇ ਦੀ ਘਾਟ
- ਅਸਲ ਵਿਚ ਤੁਹਾਨੂੰ ਫੈਸਲਾ ਅੰਤਿਮ ਤਾਰੀਕ ਲੰਘ ਜਾਣ ਤੱਕ ਨਹੀਂ ਮਿਲਿਆ ਅਤੇ ਇਸ ਵਿਚ ਤੁਹਾਡੀ ਕੋਈ ਗਲਤੀ ਨਹੀਂ ਸੀ
- ਵਰਕਸੇਫ ਬੀ ਸੀ ਜਾਂ ਰਿਵੀਊ ਡਿਵੀਜ਼ਨ ਨੇ ਤੁਹਾਨੂੰ ਤੁਹਾਡੇ ਅਪੀਲ ਕਰਨ ਦੇ ਹੱਕ ਅਤੇ ਇਹ ਕਰਨ ਲਈ ਸਮੇਂ ਦੀ ਸੀਮਾ ਬਾਰੇ ਨਹੀਂ ਦੱਸਿਆ

# ਸਮਾਂ ਵਧਾਉਣ ਲਈ ਅਰਜ਼ੀਆਂ

- ਤੁਸੀਂ ਕੋਈ ਨੁਮਾਇੰਦਾ ਕੀਤਾ ਸੀ ਅਤੇ ਉਸ ਨੇ ਸਮੇਂ ਸਿਰ ਦਰਜ ਕਰਵਾਉਣ ਵਿਚ ਅਣਗਿਹਲੀ ਕੀਤੀ
- ਨਵਾਂ ਸਬੂਤ ਸਾਹਮਣੇ ਆਇਆ ਹੈ ਜਿਹੜਾ ਅੰਤਿਮ ਤਾਰੀਕ ਤੋਂ ਪਹਿਲਾਂ ਤੁਹਾਡੇ ਲਈ ਵਾਜਬ ਤੌਰ ’ਤੇ ਉਪਲਬਧ ਨਹੀਂ ਸੀ

ਕਿਰਪਾ ਕਰਕੇ ਨੋਟ ਕਰੋ ਕਿ ਭਾਵੇਂ ਉਪਰਲੀਆਂ ਗੱਲਾਂ ਵਿੱਚੋਂ ਇਕ ਜਾਂ ਜ਼ਿਆਦਾ ਤੁਹਾਡੇ ਕੇਸ ’ਤੇ ਲਾਗੂ ਵੀ ਹੁੰਦੀਆਂ ਹੋਣ, ਤੁਹਾਨੂੰ ਅਜੇ ਵੀ ਇਹ ਦਿਖਾਉਣ ਦੀ ਲੋੜ ਪਵੇਗੀ ਕਿ ਤੁਸੀਂ ਇਨ੍ਹਾਂ ਹਾਲਾਤਾਂ ਵਿਚ ਵਾਜਬ ਤੌਰ ’ਤੇ ਕੰਮ ਕੀਤਾ। ਉਦਾਹਰਣ ਲਈ, ਜੇ ਤੁਸੀਂ ਆਪਣਾ ਐਡਰੈਸ ਬਦਲ ਲਿਆ ਸੀ ਤਾਂ ਤੁਹਾਡੇ ਤੋਂ ਇਸ ਤਬਦੀਲੀ ਬਾਰੇ ਵਰਕਸੇਫ ਬੀ ਸੀ ਜਾਂ ਰਿਵੀਊ ਡਿਵੀਜ਼ਨ ਨੂੰ ਦੱਸਣ ਦੀ ਉਮੀਦ ਕੀਤੀ ਜਾਂਦੀ ਹੈ ਤਾਂ ਜੋ ਉਹ ਤੁਹਾਨੂੰ ਫੈਸਲਾ ਭੇਜ ਸਕਣ।

## ਬੇਇਨਸਾਫੀ ਵਜੋਂ ਕਿਹੜੀਆਂ ਚੀਜ਼ਾਂ ਗਿਣੀਆਂ ਜਾਂਦੀਆਂ ਹਨ?

ਇਹ ਫੈਸਲਾ ਕਰਨ ਵੇਲੇ ਕਿ ਕੀ ਬੇਇਨਸਾਫੀ ਹੋਵੇਗੀ, ਰਿਵੀਊ ਡਿਵੀਜ਼ਨ ਅਤੇ ਡਬਲਯੂ ਸੀ ਏ ਟੀ ਕਈ ਪੱਖਾਂ ਨੂੰ ਵਿਚਾਰੇਗਾ, ਜਿਨ੍ਹਾਂ ਵਿਚ ਇਹ ਵੀ ਸ਼ਾਮਲ ਹਨ:

- ਵਿਚਾਰ ਅਧੀਨ ਮਾਮਲਾ ਕਿੰਨਾ ਕੁ ਮਹੱਤਵਪੂਰਨ ਹੈ? ਥੋੜ੍ਹੇ ਜਾਂ ਬਹੁਤ ਜ਼ਿਆਦਾ ਪੈਸੇ ਜਾਂ ਬੈਨੇਫਿਟ? ਇਕ ਸਮੇਂ ਦਿੱਤਾ ਜਾਣ ਵਾਲਾ ਬੈਨੇਫਿਟ ਜਾਂ ਚਲਦੀ ਰਹਿਣ ਵਾਲੀ ਹੱਕਦਾਰੀ?
- ਜਿਸ ਫੈਸਲੇ ’ਤੇ ਤੁਸੀਂ ਰਿਵੀਊ ਕਰਵਾਉਣਾ ਚਾਹੁੰਦੇ ਹੋ ਜਾਂ ਅਪੀਲ ਕਰਨਾ ਚਾਹੁੰਦੇ ਹੋ ਕੀ ਉਸ ਵਿਚ ਕੋਈ ਸਪਸ਼ਟ ਗਲਤੀ ਹੈ?
- ਦਰਜ ਕਰਵਾਉਣ ਵਿਚ ਕਿੰਨੀ ਦੇਰੀ ਹੋਈ ਸੀ ਅਤੇ ਇਸ ਦੇ ਕਾਰਨ ਕੀ ਹਨ? ਕੀ ਹਾਲਾਤਾਂ ਅਨੁਸਾਰ ਤੁਸੀਂ ਆਪਣਾ ਰਿਵੀਊ ਜਾਂ ਅਪੀਲ ਓਨੀ ਛੇਤੀ ਤੋਂ ਛੇਤੀ ਦਰਜ ਕਰਵਾ ਦਿੱਤੇ ਸਨ ਜਿੰਨੀ ਛੇਤੀ ਵਾਜਬ ਤੌਰ ’ਤੇ ਸੰਭਵ ਹੋ ਸਕਦਾ ਸੀ?

## ਹੋਰ ਕਿਹੜੇ ਪੱਖ ਵਿਚਾਰੇ ਜਾ ਸਕਦੇ ਹਨ?

ਉੱਪਰ ਦੱਸੇ ਗਏ ਪੱਖ ਪੂਰੇ ਨਹੀਂ ਹਨ ਅਤੇ ਰਿਵੀਊ ਡਿਵੀਜ਼ਨ ਅਤੇ ਡਬਲਯੂ ਸੀ ਏ ਟੀ ਕੋਲ ਇਹ ਨਿਰਨਾ ਕਰਨ ਲਈ ਹੋਰ ਪੱਖਾਂ ਨੂੰ ਵਿਚਾਰਨ ਦਾ ਇਖਤਿਆਰ ਹੈ ਕਿ ਕੀ ਸਮਾਂ ਵਧਾਉਣਾ ਹੈ ਜਾਂ ਨਹੀਂ। ਇਨ੍ਹਾਂ ਵਿਚ ਸ਼ਾਮਲ ਹਨ:

- ਕੀ ਦੇਰੀ ਦੂਜੀ ਧਿਰ ਨੂੰ ਆਪਣਾ ਕੇਸ ਸਹੀ ਤਰ੍ਹਾਂ ਪੇਸ਼ ਕਰਨ ਤੋਂ ਰੋਕਦੀ ਹੈ?
- ਕੀ ਦੇਰੀ ਸੰਭਾਵੀ ਸਬੂਤ ਦੇ ਗੁਆਚ ਜਾਣ ਕਾਰਨ ਰਿਵੀਊ ਡਿਵੀਜ਼ਨ ਜਾਂ ਡਬਲਯੂ ਸੀ ਏ ਟੀ ਨੂੰ ਵਾਜਬ ਫੈਸਲਾ ਕਰਨ ਤੋਂ ਰੋਕਦੀ ਹੈ?

# ਸਮਾਂ ਵਧਾਉਣ ਲਈ ਅਰਜ਼ੀਆਂ

**ਆਪਣੇ ਸਮਾਂ ਵਧਾਉਣ ਦੀ ਅਰਜ਼ੀ ਮੁਕੰਮਲ ਕਰਨ ਤੋਂ ਬਾਅਦ ਅਗਾਂਹ ਕੀ ਹੁੰਦਾ ਹੈ?**

***ਰਿਵੀਊ ਡਿਵੀਜ਼ਨ***

ਚੀਫ ਰਿਵੀਊ ਅਫਸਰ ਫੈਸਲਾ ਕਰਨ ਲਈ ਕਿਸੇ ਸੀਨੀਅਰ ਰਿਵੀਊ ਅਫਸਰ ਦੀ ਡਿਊਟੀ ਲਾਏਗਾ। ਸਮੇਂ ਦੀ ਕੋਈ ਰਸਮੀ ਸੀਮਾ ਨਹੀਂ ਹੈ; ਪਰ, ਰਿਵੀਊ ਡਿਵੀਜ਼ਨ ਦਾ ਬਿਹਤਰ ਅਮਲ ਆਮ ਤੌਰ 'ਤੇ ਚਾਰ ਹਫਤਿਆਂ ਤੋਂ ਘੱਟ ਸਮੇਂ ਵਿਚ ਫੈਸਲਾ ਦੇਣਾ ਹੋਵੇਗਾ। ਜੇ ਤੁਹਾਡੀ ਸਮਾਂ ਵਧਾਉਣ ਦੀ ਅਰਜ਼ੀ ਰੱਦ ਕਰ ਦਿੱਤੀ ਜਾਂਦੀ ਹੈ ਤਾਂ ਤੁਸੀਂ ਡਬਲਯੂ ਸੀ ਏ ਟੀ ਕੋਲ ਅਪੀਲ **ਨਹੀਂ** ਕਰ ਸਕਦੇ। ਪਰ ਤੁਸੀਂ ਆਪਣੀ ਸਮਾਂ ਵਧਾਉਣ ਦੀ ਅਰਜ਼ੀ ਭੇਜ ਕੇ ਅਤੇ ਇਸ ਨੂੰ ਖਾਸ ਤੌਰ 'ਤੇ **ਚੀਫ ਰਿਵੀਊ ਅਫਸਰ** ਨੂੰ ਸੰਬੋਧਨ ਕਰਕੇ **ਰੀਕੌਨਸਿਡਰੇਸ਼ਨ** (ਮੁੜ-ਵਿਚਾਰ) ਲਈ ਬੇਨਤੀ ਕਰ ਸਕਦੇ ਹੋ।

ਤੁਸੀਂ ਰਿਵੀਊ ਡਿਵੀਜ਼ਨ ਦੇ ਢੁਕਵੇਂ ਸੈਕਸ਼ਨ *ਪ੍ਰੈਕਟਿਸਿਜ਼ ਐਂਡ ਪ੍ਰੋਸੀਜ਼ਰਜ਼ ਮੈਨੂਅਲ* (ਏ 2.4.2 ਤੋਂ ਲੈ ਕੇ ਏ 2.4.2.6 ਪੈਰਿਆਂ ਵਿਚ)

https://www.worksafebc.com/en/resources/review-appeal/guide/review-division-practices-and-procedures 'ਤੇ ਦੇਖ ਸਕਦੇ ਹੋ

ਜਿਸ ਫੈਸਲੇ 'ਤੇ ਤੁਸੀਂ ਰਿਵੀਊ ਕਰਵਾਉਣਾ ਚਾਹੁੰਦੇ ਹੋ, ਰਿਵੀਊ ਡਿਵੀਜ਼ਨ ਉਸ ਫੈਸਲੇ 'ਤੇ ਵਿਚਾਰ ਸਿਰਫ ਤਾਂ ਹੀ ਕਰੇਗਾ ਜੇ ਤੁਹਾਡਾ ਸਮਾਂ ਵਧਾਇਆ ਜਾਂਦਾ ਹੈ।

***ਡਬਲਯੂ ਸੀ ਏ ਟੀ***

ਤੁਹਾਡੀ ਅਰਜ਼ੀ ਮਿਲਣ 'ਤੇ, ਰਜਿਸਟਰਾਰ ਤੁਹਾਡੀ ਫਾਇਲ ਫੈਸਲਾ ਕਰਨ ਲਈ ਵਾਈਸ ਚੇਅਰ ਨੂੰ ਦੇਵੇਗਾ। ਡਬਲਯੂ ਸੀ ਏ ਟੀ ਵਿਖੇ ਸਮੇਂ ਦੀ ਕੋਈ ਰਸਮੀ ਸੀਮਾ ਨਹੀਂ ਹੈ। ਡਬਲਯੂ ਸੀ ਏ ਟੀ ਦਾ ਫੈਸਲਾ ਅੰਤਿਮ ਅਤੇ ਫੈਸਲਾਕੁੰਨ ਹੁੰਦਾ ਹੈ ਅਤੇ ਅਗਾਂਹ ਅਪੀਲ ਦਾ ਕੋਈ ਹੋਰ ਹੱਕ ਨਹੀਂ ਹੈ।

ਤੁਸੀਂ ਡਬਲਯੂ ਸੀ ਏ ਟੀ ਦੇ ਢੁਕਵੇਂ ਸੈਕਸ਼ਨ *ਮੈਨੂਅਲ ਔਫ ਰੂਲਜ਼ ਔਫ ਪ੍ਰੈਕਟਿਸ ਐਂਡ ਪ੍ਰੋਸੀਜ਼ਰ* (ਪੈਰਾ 8.2)
http://www.wcat.bc.ca/research/mrpp/mrpp.pdf

ਜਿਸ ਫੈਸਲੇ ਦੀ ਤੁਸੀਂ ਅਪੀਲ ਕਰਨਾ ਚਾਹੁੰਦੇ ਹੋ, ਡਬਲਯੂ ਸੀ ਏ ਟੀ ਉਸ ਫੈਸਲੇ 'ਤੇ ਵਿਚਾਰ ਸਿਰਫ ਤਾਂ ਹੀ ਕਰੇਗਾ ਜੇ ਤੁਹਾਡਾ ਸਮਾਂ ਵਧਾਇਆ ਜਾਂਦਾ ਹੈ।

ਜ਼ਿਆਦਾ ਜਾਣਕਾਰੀ ਲਈ ਕਿਰਪਾ ਕਰਕੇ ਆਪਣੇ ਨੇੜੇ ਦੇ ਵਰਕਰਜ਼ ਅਡਵਾਈਜ਼ਰਜ਼ ਆਫਿਸ ਨਾਲ ਸੰਪਰਕ ਕਰੋ।